# ਡਾਇਰੈਕਟਰ, ਰਾਜ ਵਿਦਿਅਕ ਖ਼ੋਜ 'ਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,
ਈਮੇਲ: directorscert@punjabeducation.gov.in, ਫੋਨ ਨੰ: 0172-2212221

Azadi Ka Amrit Mahotsav

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.),
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ),
ਪੰਜਾਬ।

ਮੀਮੋ ਨੰ.SCERT,QP/UP/2022/196647

ਮਿਤੀ: ਐਸ.ਏ.ਐਸ. ਨਗਰ, 26-ਜੁਲਾਈ-2022

**ਵਿਸ਼ਾ:- ਛੇਵੀਂ ਤੋਂ ਬਾਰ੍ਹਵੀਂ ਜਮਾਤਾਂ ਲਈ bimonthly ਪ੍ਰੀਖਿਆ ਦੀ ਡੇਟਸ਼ੀਟ ਸੰਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਕੂਲ ਸਿੱਖਿਆ ਵਿਭਾਗ ਵੱਲੋਂ ਸੈਸ਼ਨ 2022-23 ਲਈ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ 6ਵੀਂ ਤੋਂ 12ਵੀਂ ਜਮਾਤਾਂ ਦੇ ਵਿਦਿਆਰਥੀਆਂ ਲਈ ਮਿਤੀ 08-08-2022 ਤੋਂ bimonthly ਪ੍ਰੀਖਿਆ ਕਰਵਾਈ ਜਾ ਰਹੀ ਹੈ। ਇਸ ਸੰਬੰਧੀ ਹਦਾਇਤਾਂ ਹੇਠ ਲਿਖੇ ਅਨੁਸਾਰ ਹੈ :-

2.1. ਇਹ ਪ੍ਰੀਖਿਆ ਸਕੂਲ ਮੁੱਖੀਆਂ ਦੁਆਰਾ 6 ਤੋਂ 12(all streams) ਜਮਾਤਾਂ ਦੀ ਡੇਟਸ਼ੀਟ ਤਿਆਰ ਕਰਕੇ ਆਪਣੇ ਪੱਧਰ ਤੇ ਕਰਵਾਈ ਜਾਵੇ ਜੀ।

2.2. ਇਹ ਪ੍ਰੀਖਿਆ ਕਰਵਾਉਣ ਲਈ ਮਿਤੀ ਅਗਸਤ 8, 2022 ਤੋਂ ਅਗਸਤ 23, 2022 ਤਕ ਕਰਵਾਉਣ ਦਾ ਸਮਾਂ ਦਿੱਤਾ ਜਾਂਦਾ ਹੈ ਜੀ।

2.3. ਇਹ ਪ੍ਰੀਖਿਆ offline ਹੋਵੇਗੀ ਅਤੇ ਇਸ ਲਈ ਸਕੂਲ ਮੁੱਖੀ ਵਿਦਿਆਰਥੀਆਂ ਦੀ ਤਿਆਰੀ ਲਈ ਹਾਜ਼ਰੀ ਅਤੇ ਮੁਕੰਮਲ ਦੁਹਰਾਈ ਯਕੀਨੀ ਬਣਾਉਣਗੇ।

2.4. ਇਸ ਪ੍ਰੀਖਿਆ ਅਪ੍ਰੈਲ ਅਤੇ ਮਈ, 2022 ਦੇ ਸਿਲੇਬਸ ਵਿੱਚੋਂ ਲਈ ਜਾਵੇ।

2.5. ਇਸ ਪ੍ਰੀਖਿਆ ਲਈ ਪ੍ਰਸ਼ਨ ਪੱਤਰ ਸਕੂਲ ਮੁੱਖੀਆਂ ਵੱਲੋਂ ਆਪਣੇ ਸੰਬੰਧਤ ਵਿਸ਼ਾ ਅਧਿਆਪਕ ਵੱਲੋਂ ਤਿਆਰ ਕਰਵਾਏ ਜਾਣ ਜੀ।

2.6. Bimonthly ਪ੍ਰੀਖਿਆ ਲਈ ਪ੍ਰਸ਼ਨ ਪੱਤਰ ਸਾਰੀਆਂ ਜਮਾਤਾਂ ਲਈ ਪੰਜਾਬ ਬੋਰਡ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਵਿਸ਼ੇ ਦੇ ਪ੍ਰਸ਼ਨ ਪੱਤਰ ਲਈ ਨਿਰਧਾਰਿਤ ਪੂਰੇ ਅੰਕਾਂ ਦੇ 50% ਅੰਕਾਂ ਦਾ ਤਿਆਰ ਕੀਤਾ ਜਾਵੇ, ਜਿਸ ਵਿੱਚ 40% ਪ੍ਰਸ਼ਨ learning outcome based ਅਤੇ 60% textbook based ਪ੍ਰਸ਼ਨ ਹੋਣ।

2.7. ਸਕੂਲ ਮੁੱਖੀ ਵੱਲੋਂ ਇਹਨਾਂ ਪ੍ਰਸ਼ਨ ਪੱਤਰਾਂ ਦੀ ਇੱਕ-ਇੱਕ ਕਾਪੀ ਪ੍ਰੀਖਿਆ ਹੋਣ ਉਪਰੰਤ ਸੰਬੰਧਤ BMT/BM/DM ਨੂੰ ਲਾਜ਼ਮੀ ਤੌਰ ਤੇ ਜਮਾ ਕਰਵਾਈ ਜਾਵੇ ਜੀ।

2.8. Bimonthly ਪ੍ਰੀਖਿਆ ਦੀਆਂ ਉੱਤਰ ਪੱਤਰੀਆਂ ਚੈਕ ਕਰਨ ਉਪਰੰਤ ਇਸ ਦਾ ਪੂਰਾ ਰਿਕਾਰਡ ਵਿਸ਼ਾ-ਵਾਰ, ਜਮਾਤ-ਵਾਰ ਅਤੇ ਵਿਦਿਆਰਥੀ-ਵਾਰ ਸਕੂਲ ਪੱਧਰ ਤੇ ਰੱਖਿਆ ਜਾਵੇ।

2.9. ਸਕੂਲ ਮੁੱਖੀ ਵੱਲੋਂ ਇਸ ਪ੍ਰੀਖਿਆ ਦਾ ਨਤੀਜਾ ਮਿਤੀ ਅਗਸਤ 29, 2022 ਤਕ ਤਿਆਰ ਕਰਵਾ ਲਿਆ ਜਾਵੇ।

2.10. ਵਿਦਿਆਰਥੀਆਂ ਦੀ ਕਾਰਗੁਜਾਰੀ ਉਹਨਾਂ ਦੇ ਮਾਪਿਆਂ ਨਾਲ ਸਾਂਝੀ ਕਰਨ ਲਈ ਮਿਤੀ 30, 31 ਅਗਸਤ 2022 ਨੂੰ ਮਾਪੇ-ਅਧਿਆਪਕ ਮਿਲਨੀ ਕਰਵਾਈ ਜਾਵੇ ਜੀ।

**ਸਹਾਇਕ ਡਾਇਰੈਕਟਰ**

**ਐਸ.ਸੀ.ਈ.ਆਰ.ਟੀ., ਪੰਜਾਬ।**